THE A.C.C. MEMBERS SELF SUPPORTING CO-OPERATIVE
HOUSE BUILDING SOCIETY LTD. MOHALI (SAS NAGAR)
(Regd. No. 2407, Dated 22-11-89 & No. 3 Dated 19-10-12)
Camp Office : Kothi No. 641, Phase -2, Mohali)
E-mail - acc76mohali@gmail.com

**ਭੂਮਿਕਾ:-** ਇਸ ਸਭਾ ਦਾ ਮੁੱਢਲਾ ਗਠਨ ਬਤੌਰ ਅਭਿਨਵ ਕਲਚਰਲ ਕਲਬ ਤੇ ਤਹਿਤ ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵੱਲੋ ਰਜਿਸਟਰੇਸ਼ਨ ਨੰਬਰ 2407 ਮਿਤੀ 22.11.1989 ਰਾਹੀ ਸਹਾਇਕ ਰਜਿਸਟਰਾਰ ਮੋਹਾਲੀ ਵੱਲੋ ਦੀ ਏ.ਸੀ.ਸੀ. ਮੈਂਬਰਜ ਕੋਅਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ ਲਿਮ: ਮੋਹਾਲੀ ਨੇ ਰਜਿਸਟਰਡ ਕੀਤੀ ਸੀ। ਜਿਸ ਦਾ ਮੰਤਵ ਸਮਾਜ ਵਿੱਚ ਸਭਿਆਚਾਰ ਵਧਾਉਣਾ ਅਤੇ ਸਮਾਜ ਦੇ ਲੋਕਾਂ ਲਈ ਸਸਤੇ ਘਰ ਮੁਹੱਇਆ ਕਰਵਾਉਣਾ ਸੀ।

**ਕਾਰਗੁਜਾਰੀ:-**

1. ਸ਼੍ਰੀ ਹਰਮੋਹਿੰਦਰ ਸਿੰਘ ਸਭਾ ਦਾ ਪ੍ਰਧਾਨ ਅਤੇ ਸ਼੍ਰੀ ਪਰਮਜੀਤ ਸਿੰਘ ਸਕੱਤਰ/ਕੈਸ਼ੀਅਰ ਇਸ ਸਭਾ ਵਿੱਚ ਮਿਤੀ 16.09.2008 ਤੋਂ 29.08.2015 ਦੌਰਾਨ ਇਸ ਸਭਾ ਦੇ 740 ਮੈਂਬਰ ਸਨ। ਇਹਨਾਂ ਵਿੱਚੋ 68 ਮੈਂਬਰਾਂ ਨੇ ਘਰ ਲੈਣ ਦੀ ਰਜਾਮੰਦੀ ਦਿੱਤੀ। ਇਸ ਦੇ ਆਧਾਰ ਤੇ ਗਮਾਡਾ ਨੇ ਸੈਕਟਰ-76 ਮੋਹਾਲੀ ਵਿਖੇ ਜਮੀਨ ਅਲਾਟ ਕਰਨ ਦੀ ਤਜਵੀਜ ਰੱਖੀ, ਪਰ 2010 ਵਿੱਚ ਸਮਾਂ ਬੀਤਣ ਤੇ ਹੋਰ ਮੈਂਬਰਾਂ ਨੇ ਘਰ ਲੈਣ ਦੀ ਰਜਾਮੰਦੀ ਦਿੱਤੀ। ਇਸ ਦੇ ਆਧਾਰ ਤੇ ਗਮਾਡਾ ਨੇ ਆਪਣੇ ਪੱਤਰ ਨੰਬਰ 20719 ਮਿਤੀ 02.06.2011 ਰਾਹੀ 100 ਬਹੁ ਮੰਜਲੀ ਫਲੈਟਾਂ ਦੀ ਉਸਾਰੀ ਲਈ ਸੈਕਟਰ-76 ਮੋਹਾਲੀ ਵਿਖੇ 1.70 ਏਕੜ ਜਮੀਨ ਸਭਾ ਨੂੰ ਅਲਾਟ ਕੀਤੀ। ਇਸ ਸਮੇਂ ਦੌਰਾਨ ਸਭਾ ਵੱਲੋ ਮਤਾ ਪਾਸ ਕਰਕੇ ਪੱਤਰ ਨੰਬਰ 1022 ਮਿਤੀ 18.05.2012 ਰਾਹੀ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਜੀ ਨੂੰ ਪੰਜਾਬ ਸੈਲਫ ਸਪੋਰਟਿੰਗ ਕੋਅਪਰੇਟਿਵ ਸੋਸਾਇਟੀ ਐਕਟ-2006 ਅਧੀਨ ਰਜਿਸਟਰਡ ਕਰਨ ਦੀ ਦਰਖਾਸਤ ਦਿੱਤੀ ਗਈ ਇਸ ਦੇ ਆਧਾਰ ਤੇ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਜੀ ਦੀ ਪ੍ਰਵਾਨਗੀ ਤਹਿਤ ਸਹਾਇਕ ਰਜਿਸਟਰਾਰ ਮੋਹਾਲੀ ਨੇ ਰਜਿਸਟਰੇਸ਼ਨ ਨੰਬਰ 3 ਮਿਤੀ 19.10.2012 ਰਾਹੀ ਬੰਤਰ ਬਦਲ ਦਿੱਤੀ। ਉਸਾਰੀ ਸ਼ੁਰੂ ਕਰਨ ਲਈ ਮਿਤੀ 09.08.2011 ਨੂੰ ਸ਼੍ਰੀ ਵਿਨੋਦ ਜੋਸ਼ੀ ਆਰਕੀਟੈਕਟ ਨਿਯੁਕਤ ਕੀਤਾ ਗਿਆ। ਜਿਸ ਦੀ ਨਿਗਰਾਨੀ ਹੇਠ ਬਾਊਡਰੀ ਵਾਲ ਦੀ ਉਸਾਰੀ ਕੀਤੀ ਗਈ। ਇਸ ਉਪਰੰਤ M/S Hans Raj Kohli & Co. ਨੂੰ 33.30 ਕਰੋੜ 110 ਫਲੈਟਾਂ ਦੀ ਉਸਾਰੀ ਲਈ ਠੇਕਾ ਦਿੱਤਾ ਗਿਆ।

ਚਲਦਾ ਪੰਨਾ-2

ਪਰ ਉਸਾਰੀ ਦੌਰਾਨ ਵਰਤੀਆਂ ਗਈਆਂ ਬੇ-ਨਿਯਮੀਆਂ ਕਾਰਨ ਗਮਾਡਾ ਨੇ ਆਪਣੇ ਪੱਤਰ ਨੰਬਰ 24849 ਮਿਤੀ 15.10.2013 ਰਾਹੀ ਉਸਾਰੀ ਦੇ ਕੰਮ ਤੇ ਰੋਕ ਲਗਾ ਦਿੱਤੀ ਕਿ ਸਭਾ ਦੇ ਨਾਮ ਵਿੱਚ ਤਬਦੀਲੀ ਕੀਤੀ ਗਈ ਹੈ ਅਤੇ ਅਲਾਟਮੈਂਟ ਦੀਆਂ ਸ਼ਰਤਾਂ ਅਨੁਸਾਰ ਸਿਰਫ 100 ਫਲੈਟਾਂ ਦੀ ਉਸਾਰੀ ਕਰਨੀ ਹੈ। ਇਸ ਲਈ ਇਹਨਾਂ ਉਲੰਘਣਾ ਨੂੰ ਹਟਾਇਆ ਜਾਵੇ। ਇਸ ਤਰ੍ਹਾਂ ਹੁਣ ਤੱਕ ਉਸਾਰੀ ਦਾ ਕੰਮ ਬੰਦ ਪਿਆ ਹੈ।

2. ਸ੍ਰੀ ਸੁਰਿੰਦਰ ਸਿੰਘ ਸਭਾ ਦਾ ਪ੍ਰਧਾਨ ਅਤੇ ਸ੍ਰੀ ਜਸਵਿੰਦਰ ਸਿੰਘ ਮੀਤ ਪ੍ਰਧਾਨ ਵੱਲੋ ਮਿਤੀ 29.08.2015 ਤੋਂ ਮਿਤੀ 22.11.2015 ਤੱਕ ਸਭਾ ਦਾ ਕੰਮ ਚਲਾਉਣ ਲਈ ਸਭਾ ਦੇ ਮੈਂਬਰਾਂ ਵੱਲੋ ਨਿਯੁਕਤ ਕੀਤੇ ਗਏ। ਸਭਾ ਦੇ ਠੇਕੇਦਾਰ ਨੇ ਆਪਣੀਆਂ ਬਕਾਇਆ ਅਦਾਇਗੀਆਂ ਸਭਾ ਤੋਂ ਲੈਣ ਲਈ ਸਾਲ 2014 ਦੌਰਾਨ ਅਦਾਲਤ ਵਿੱਚ ਕੇਸ ਦਾਇਰ ਕੀਤਾ ਗਿਆ ਅਤੇ ਅਦਾਲਤ ਵੱਲੋ ਠੇਕੇਦਾਰ ਦੇ ਕਲੇਮ ਸਬੰਧੀ ਆਰਬੀਟਰੇਟਰ ਰਾਹੀ ਫੈਸਲਾ ਕਰਨ ਦੇ ਹੁਕਮ ਜਾਰੀ ਕੀਤੇ ਸਨ। ਇਸ ਤਰ੍ਹਾਂ ਆਰਬੀਟਰੇਸ਼ਨ ਦੇ ਚੱਲਦੇ ਕੇਸ ਨੂੰ ਰੋਕਣ ਲਈ ਠੇਕੇਦਾਰ ਨਾਲ ਕੀਤੇ ਗਏ ਐਗਰੀਮੈਂਟ ਅਨੁਸਾਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵੱਲੋ ਕੀਤਾ ਜਾਣਾ ਸੀ। ਪਰ ਠੇਕੇਦਾਰ ਸ੍ਰੀ ਰਾਹੁਲ ਕੋਹਲੀ ਅਤੇ ਸ੍ਰੀ ਹਰਮੋਹਿੰਦਰ ਸਿੰਘ ਉਸ ਸਮੇਂ ਦੇ ਪ੍ਰਧਾਨ ਨੇ ਮਿਲ ਕੇ ਹਾਈਕੋਰਟ ਦੇ ਸੇਵਾ ਮੁਕਤ ਜੱਜ ਨੂੰ ਆਰਬੀਟਰੇਟਰ ਨਿਯੁਕਤ ਕਰਵਾ ਲਿਆ। ਉਸ ਦੇ ਫੈਸਲੇ ਨੂੰ ਰੋਕਣ ਲਈ ਸ੍ਰੀ ਸੁਰਿੰਦਰ ਸਿੰਘ ਉਸ ਸਮੇਂ ਦੇ ਪ੍ਰਧਾਨ ਨੇ ਮਾਨਯੋਗ ਹਾਈਕੋਰਟ ਵਿੱਚ ਅਪੀਲ ਦਾਇਰ ਕੀਤੀ ਗਈ। ਜੋ ਕਿ ਖਾਰਿਜ ਹੋ ਗਈ ਕਿਉਕਿ ਆਰਬੀਟਰੇਟਰ ਨੇ ਆਪਣਾ ਫੈਸਲਾ ਠੇਕੇਦਾਰ ਦੇ ਹੱਕ ਵਿੱਚ ਜਾਰੀ ਕਰ ਦਿੱਤਾ ਸੀ।

3. ਸ੍ਰੀ ਬਲੀ ਸਿੰਘ ਚੱਠਾ ਪ੍ਰਧਾਨ ਅਤੇ ਸ੍ਰੀ ਮਤੀ ਪੂਨਮ ਸ਼ਰਮਾ ਸਕੱਤਰ ਮਿਤੀ 22.11.2015 ਨੂੰ ਬਣੇ। ਇਹਨਾਂ ਵੱਲੋ ਆਰਬੀਟਰੇਸ਼ਨ ਦੇ ਅਵਾਰਡ ਵਿਰੁੱਧ ਜੋ ਠੇਕੇਦਾਰ ਦੇ ਹੱਕ ਵਿੱਚ ਸੀ। ਉਸਨੂੰ ਜਿਲ੍ਹਾ ਅਦਾਲਤ ਮੋਹਾਲੀ ਵਿਖੇ ਕੇਸ ਦਾਇਰ ਕੀਤਾ ਗਿਆ। ਸ੍ਰੀ ਬਲੀ ਸਿੰਘ ਪ੍ਰਧਾਨ ਨੇ ਆਪਣੀ ਮਰਜੀ ਨਾਲ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਸ ਉਪਰੰਤ ਬਾਕੀ ਦੇ ਪ੍ਰਬੰਧਕੀ ਅਹੁਦੇਦਾਰਾਂ ਨੇ ਸਭਾ ਦੇ ਸੇਵਿੰਗ ਖਾਤੇ ਵਿੱਚੋ 42.00 ਲੱਖ ਰੁਪਏ ਗੈਰ ਕਾਨੂੰਨੀ ਢੰਗ ਨਾਲ ਕਢਵਾ ਲਏ ਅਤੇ ਮਿਤੀ 21.04.2016 ਨੂੰ ਆਪਣੇ ਅਹੁਦੇ ਤੋਂ ਅਸਤੀਫੇ ਦੇ ਦਿੱਤੇ।

4. ਸ੍ਰੀ ਰਜਿੰਦਰ ਸਿੰਘ ਪ੍ਰਧਾਨ ਅਤੇ ਸ੍ਰੀ ਸ਼ਰਨ ਸਿੰਘ ਖਜਾਨਚੀ ਨੂੰ ਮਿਤੀ 12.06.2016 ਨੂੰ ਸਭਾ ਦੇ ਹਾਜਰ ਆਏ ਮੈਂਬਰਾਂ ਵੱਲੋ ਪ੍ਰਬੰਧਕੀ ਕਮੇਟੀ ਚੁਣੀ ਗਈ। ਜੋ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ

ਚਲਦਾ ਪੰਨਾ 3

ਚੰਡੀਗੜ੍ਹ ਜੀ ਦੇ ਹੁਕਮ ਮਿਤੀ 12.06.2019 ਨੂੰ ਸਭਾ ਦੀ ਪ੍ਰਬੰਧਕ ਕਮੇਟੀ ਨੂੰ ਭੰਗ ਕਰਕੇ ਕੰਮ ਚਲਾਊ ਕਮੇਟੀ ਮਿਤੀ 07.08.2019 ਨੂੰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਮੋਹਾਲੀ ਦੇ ਅਧੀਨ ਬਣਾਈ ਗਈ।

ਸ੍ਰੀ ਰਜਿੰਦਰ ਸਿੰਘ ਪ੍ਰਧਾਨ ਨੇ ਆਪਣੇ ਕਾਰਜਕਾਰੀ ਦੌਰਾਨ 42.00 ਲੱਖ ਰੁਪਏ ਦੀ ਵਸੂਲੀ ਕਰਵਾਈ। ਇਸ ਤੋਂ ਇਲਾਵਾ ਗਮਾਡਾ ਨਾਲ ਪੱਤਰ ਵਿਹਾਰ ਜਾਰੀ ਰੱਖਿਆ ਗਿਆ ਤਾਂ ਜੋ ਫਲੈਟਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਸਕੇ। ਇਸ ਤੋਂ ਪਹਿਲਾਂ ਜੋ ਬੇ-ਨਿਯਮੀਆਂ ਸ੍ਰੀ ਹਰਮੋਹਿੰਦਰ ਸਿੰਘ ਪ੍ਰਧਾਨ ਅਤੇ ਸ੍ਰੀ ਪਰਮਜੀਤ ਸਿੰਘ ਸਕੱਤਰ ਦੌਰਾਨ ਹੋਈਆਂ ਸਨ ਦੇ ਸਬੰਧ ਵਿੱਚ ਐਸ.ਐਸ.ਪੀ. ਮੋਹਾਲੀ ਵੱਲੋ FIR No. 11 ਮਿਤੀ 15.01.2017 ਰਾਹੀ ਦਰਜ ਹੋ ਚੁੱਕੀ ਹੈ ਅਤੇ ਕੇਸ ਜਿਲ੍ਹਾ ਅਦਾਲਤ ਮੋਹਾਲੀ ਵਿਖੇ ਟਰਾਇਲ ਅਧੀਨ ਹੈ। ਇਸ ਵੱਲੋ ਮਿਤੀ 01.04.2011 ਤੋਂ ਮਿਤੀ 19.10.2012 ਤੱਕ ਆਡਿਟ ਵਿਭਾਗ ਵੱਲੋ ਆਡਿਟ ਕਰਵਾਇਆ ਗਿਆ ਹੈ। ਆਡਿਟ ਰਿਪੋਰਟਾਂ ਵਿੱਚ ਜੋ ਉਣਤਾਈਆਂ ਅਤੇ ਬੇ-ਨਿਯਮੀਆਂ ਉਜਾਗਰ ਕੀਤੀਆਂ ਗਈਆਂ ਹਨ ਦੇ ਸਬੰਧ ਵਿੱਚ ਆਡਿਟ ਰਿਪੋਰਟਾਂ ਦੀ ਪਾਲਣਾ ਕਰਵਾਉਣ ਲਈ ਲਿਖਿਆ ਗਿਆ ਹੈ ਜਿਵੇ ਕਿ ਸਭਾ ਦੇ ਰਿਕਾਰਡ ਵਿੱਚੋ 740 ਮੈਂਬਰਾਨ ਰਜਿਸਟਰ, ਰਸੀਦ ਬੁੱਕਾਂ, ਕਾਰਵਾਈ ਰਜਿਸਟਰ ਆਦਿ ਜੋ ਕਿ ਸ੍ਰੀ ਹਰਮੋਹਿੰਦਰ ਸਿੰਘ ਸਾਬਕਾ ਪ੍ਰਧਾਨ ਦੇ ਸਮੇਂ ਦੌਰਾਨ ਗੁੰਮ ਹਨ। ਇਸ ਰਿਕਾਰਡ ਨੂੰ ਹਾਸਲ ਕਰਨ ਲਈ ਕਾਨੂੰਨੀ ਕਾਰਵਾਈ ਕਰਨ ਲਈ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਪੰਜਾਬ CSR ਮੁਤਾਬਿਕ M/S Hans Raj Kohli & Co. ਨੂੰ ਅਲਾਟ ਕੀਤਾ ਗਿਆ ਟੈਂਡਰ 15.58 ਕਰੋੜ ਰੁਪਏ ਦਾ ਬਣਦਾ ਹੈ ਜਦ ਕਿ ਟੈਂਡਰ ਅਨੁਸਾਰ 33.30 ਕਰੋੜ ਦਾ ਹੈ। ਸ੍ਰੀ ਰਜਿੰਦਰ ਸਿੰਘ ਸਭਾ ਦੇ ਪ੍ਰਧਾਨ ਵੱਲੋ ਹਾਈਕੋਰਟ ਵਿਖੇ ਜਿਲ੍ਹਾ ਅਦਾਲਤ ਦੇ ਫੈਸਲੇ ਵਿਰੁੱਧ ਇਸ ਅਵਾਰਡ ਨੂੰ ਨਾ ਲਾਗੂ ਕਰਨ ਵਾਸਤੇ ਅਪੀਲ ਦਾਇਰ ਕੀਤੀ ਗਈ ਹੈ। ਇਸ ਤਰ੍ਹਾਂ ਹਾਈਕੋਰਟ ਵੱਲੋ ਮਿਤੀ 08.03.2019 ਤੋਂ ਉਸ ਤੇ ਸਟੇਅ ਜਾਰੀ ਕੀਤੀ ਹੋਈ ਹੈ ਅਤੇ ਮਸਲਾ ਮਿਤੀ 04.12.2020 ਨੂੰ ਫੈਸਲਾ ਜਾਰੀ ਕਰਨ ਵਾਸਤੇ ਅਦਾਲਤ ਵਿੱਚ ਪੈਡਿੰਗ ਹੈ। ਆਡਿਟ ਰਿਪੋਰਟ ਅਨੁਸਾਰ M/S Hans Raj Kohli & Co. ਦੇ ਜਾਰੀ ਕੀਤੇ ਗਏ ਟੈਡਰ ਨੂੰ ਰੱਦ ਕਰਨ ਵਾਸਤੇ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਮੋਹਾਲੀ ਵੱਲੋ ਸੁਝਾਵ ਅਨੁਸਾਰ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਨੂੰ ਕੇਸ ਭੇਜਿਆ ਗਿਆ ਹੈ। ਜੋ ਕਿ ਹੁਣ ਤੱਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਦੇ ਦਫਤਰ ਵਿੱਚ ਵਿਚਾਰ ਅਧੀਨ ਹਨ। ਹੁਣ

ਚਲਦਾ ਪੰਨਾ-4

ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ 6301-06 ਮਿਤੀ 09.10.2020 ਰਾਹੀ ਹੁਕਮ ਜਾਰੀ ਕਰਕੇ ਸਭਾ ਨੂੰ ਜੋ ਮਿਤੀ 17.10.2012 ਨੂੰ ਸੈਲਫ ਸਪੋਰਟਿੰਗ ਐਕਟ-2006 ਅਧੀਨ ਮਾਨਤਾ ਦਿੱਤੀ ਗਈ ਸੀ ਨੂੰ ਵਾਪਸ ਲੈਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤਰ੍ਹਾਂ ਇਹ ਸਭਾ ਸੈਲਫ ਸਪੋਟਿੰਗ ਐਕਟ-2006 ਤੋਂ ਮੁਕਤ ਹੋ ਜਾਂਦੀ ਹੈ।

ਬਲਦੇਵ ਕੁਮਾਰ
ਮੈਨੇਜਰ ਸਭਾ